Inclusive Employment Australia

Finding careers for people with disability

ਨੌਕਰੀ ਦੀਆਂ ਯੋਜਨਾਵਾਂ ਅਤੇ ਆਪਣੇ ਪ੍ਰਦਾਤਾ ਨਾਲ ਕੰਮ ਕਰਨਾ

ਹਰ ਕਿਸੇ ਦਾ ਨੌਕਰੀ ਲੱਭਣ ਦਾ ਤਰੀਕਾ ਵੱਖਰਾ ਹੁੰਦਾ ਹੈ। ਜੇਕਰ ਤੁਸੀਂ ਇਨਕਲੂਸਿਵ ਇੰਪਲਾਇਮੈਂਟ (ਸੰਮਿਲਿਤ ਰੁਜ਼ਗਾਰ) ਆਸਟ੍ਰੇਲੀਆ ਪ੍ਰੋਗਰਾਮ ਵਿੱਚ ਹਿੱਸਾ ਲੈ ਰਹੇ ਹੋ, ਤਾਂ ਤੁਹਾਡਾ ਪ੍ਰਦਾਤਾ ਤੁਹਾਨੂੰ ਨੌਕਰੀ ਲੱਭਣ ਅਤੇ ਕੰਮ ਲਈ ਤਿਆਰ ਹੋਣ ਵਿੱਚ ਮਦਦ ਕਰੇਗਾ। ਜੇਕਰ ਤੁਹਾਨੂੰ ਨਿਰੰਤਰ ਸਹਾਇਤਾ ਦੀ ਲੋੜ ਹੈ ਤਾਂ ਉਹ ਨੌਕਰੀ ਮਿਲਣ ਤੋਂ ਬਾਅਦ ਕੰਮ ਵਾਲੀ ਥਾਂ 'ਤੇ ਵੀ ਤੁਹਾਡੀ ਸਹਾਇਤਾ ਕਰਨਗੇ।

ਨੌਕਰੀ ਦੀ ਯੋਜਨਾ ਬਣਾਉਣਾ

ਜਦੋਂ ਤੁਸੀਂ ਇਨਕਲੂਸਿਵ ਇੰਪਲਾਇਮੈਂਟ ਆਸਟ੍ਰੇਲੀਆ ਪ੍ਰੋਗਰਾਮ ਵਿੱਚ ਸ਼ੁਰੂਆਤ ਕਰਦੇ ਹੋ, ਤਾਂ ਤੁਹਾਡਾ ਪ੍ਰਦਾਤਾ ਤੁਹਾਨੂੰ ਨੌਕਰੀ ਲੱਭਣ ਦੀ ਯੋਜਨਾ ਬਣਾਉਣ ਵਿੱਚ ਮਦਦ ਕਰੇਗਾ।

ਤੁਹਾਡੀ ਨੌਕਰੀ ਲੱਭਣ ਦੀ ਯੋਜਨਾ ਤੁਹਾਡੇ ਪ੍ਰਦਾਤਾ ਨਾਲ ਤੁਹਾਡਾ ਸਮਝੌਤਾ ਹੈ ਕਿ ਤੁਸੀਂ ਕੰਮ ਲੱਭਣ ਲਈ ਕੀ ਕਰੋਗੇ।

ਨੌਕਰੀ ਯੋਜਨਾ ਦੀਆਂ ਕਿਸਮਾਂ

ਇਨਕਲੂਸਿਵ ਇੰਪਲਾਇਮੈਂਟ ਆਸਟ੍ਰੇਲੀਆ ਕੋਲ ਦੋ ਕਿਸਮਾਂ ਦੀਆਂ ਨੌਕਰੀਆਂ ਲੱਭਣ ਦੀਆਂ ਯੋਜਨਾਵਾਂ ਹਨ:

- ਅਰਥਪੂਰਨ ਸ਼ਮੂਲੀਅਤ ਵਾਲੀ ਨੌਕਰੀ ਯੋਜਨਾ, ਜਾਂ
- ਵਿਸਤ੍ਰਿਤ ਨੌਕਰੀ ਯੋਜਨਾ।

ਅਰਥਪੂਰਨ ਸ਼ਮੂਲੀਅਤ ਵਾਲੀ ਨੌਕਰੀ ਯੋਜਨਾ

ਅਰਥਪੂਰਨ ਸ਼ਮੂਲੀਅਤ ਉਹ ਗਤੀਵਿਧੀ ਹੈ ਜਿਸ ਨਾਲ ਤੁਸੀਂ ਆਪਣੀ ਨੌਕਰੀ ਲੱਭਣ ਦੀ ਯੋਜਨਾ ਦੇ ਹਿੱਸੇ ਵਜੋਂ ਆਪਣੇ ਪ੍ਰਦਾਤਾ ਨਾਲ ਸਹਿਮਤ ਹੁੰਦੇ ਹੋ। ਇਹ:

- ਲਾਜ਼ਮੀ ਹੈ ਜੇਕਰ ਤੁਹਾਨੂੰ ਆਪਣੀ ਆਮਦਨ ਸਹਾਇਤਾ (ਇਨਕਮ ਸਪੋਰਟ) ਭੁਗਤਾਨ ਪ੍ਰਾਪਤ ਕਰਨ ਲਈ ਇਨਕਲੂਸਿਵ ਇੰਪਲਾਇਮੈਂਟ ਆਸਟ੍ਰੇਲੀਆ ਵਿੱਚ ਹਿੱਸਾ ਲੈਣਾ ਪੈਂਦਾ ਹੈ, ਜਾਂ
- ਸਵੈ-ਇੱਛਾ ਨਾਲ, ਜੇਕਰ ਤੁਸੀਂ ਇਨਕਲੂਸਿਵ ਇੰਪਲਾਇਮੈਂਟ ਆਸਟ੍ਰੇਲੀਆ ਰਾਹੀਂ ਸਹਾਇਤਾ ਪ੍ਰਾਪਤ ਕਰਨ ਲਈ ਸਵੈ-ਇੱਛਾ ਨਾਲ ਕੰਮ ਕੀਤਾ ਹੈ।

ਜੇਕਰ ਤੁਸੀਂ ਇੱਕ **ਅਰਥਪੂਰਨ ਸ਼ਮੂਲੀਅਤ ਨੈਕਰੀ ਲੱਭਣ ਦੀ ਯੋਜਨਾ** 'ਤੇ ਹੋ, ਤਾਂ ਇਸਦਾ ਮਤਲਬ ਹੈ ਕਿ ਤੁਸੀਂ ਆਪਣੇ ਪ੍ਰਦਾਤਾ ਦੇ ਸੰਪਰਕ ਵਿੱਚ ਰਹਿਣ ਅਤੇ ਆਪਣੇ ਰੁਜ਼ਗਾਰ ਟੀਚੇ ਤੱਕ ਪਹੁੰਚਣ ਵਿੱਚ ਤੁਹਾਡੀ ਮਦਦ ਕਰਨ ਲਈ ਗਤੀਵਿਧੀਆਂ ਕਰਨ ਲਈ ਸਹਿਮਤ ਹੋ।

ਨੈਕਰੀ ਲੱਭਣ ਦੀ ਯੋਜਨਾ ਤੋਂ ਬਾਹਰ ਤੁਸੀਂ ਇਹਨਾਂ ਚੀਜ਼ਾਂ ਨਾਲ ਵੀ ਸਹਿਮਤ ਹੋਵੋਗੇ, ਜਿਵੇਂ ਕਿ:

- ਤੁਸੀਂ ਆਪਣੇ ਪ੍ਰਦਾਤਾ ਦੇ ਸੰਪਰਕ ਵਿੱਚ ਕਿਵੇਂ ਰਹੋਗੇ
- ਕਦੋਂ, ਕਿੱਥੇ ਅਤੇ ਕਿੰਨੀ ਵਾਰ, ਤੁਸੀਂ ਆਪਣੇ ਪ੍ਰਦਾਤਾ ਨਾਲ ਮੁਲਾਕਾਤਾਂ ਕਰੋਗੇ
- ਉਹ ਕੰਮ ਅਤੇ ਗਤੀਵਿਧੀਆਂ ਜਿਨ੍ਹਾਂ ਨੂੰ ਕਰਨ ਲਈ ਤੁਸੀਂ ਸਹਿਮਤ ਹੋ, ਜਿੰਨਾ ਚਿਰ ਉਹ ਤੁਹਾਡੇ ਲਈ ਸਹੀ ਹਨ।
- ਤੁਸੀਂ ਕਿੰਨੀ ਕੁ ਤਰੱਕੀ ਕੀਤੀ ਹੈ ਉਸਦੀ ਜਾਂਚ ਕਿਵੇਂ ਅਤੇ ਕਦੋਂ ਕੀਤੀ ਜਾਵੇਗੀ।

ਆਪਣੇ ਪ੍ਰਦਾਤਾ ਨਾਲ ਗੱਲ ਕਰੋ ਕਿ ਤੁਸੀਂ ਇਹਨਾਂ ਗਤੀਵਿਧੀਆਂ ਦਾ ਹਿਸਾਬ ਕਿਵੇਂ ਰੱਖਣਾ ਚਾਹੁੰਦੇ ਹੋ।

ਜੇਕਰ ਤੁਸੀਂ ਆਪਣੇ ਪ੍ਰਦਾਤਾ ਨਾਲ ਸੰਪਰਕ ਵਿੱਚ ਰਹਿੰਦੇ ਹੋ ਅਤੇ ਉਹ ਗਤੀਵਿਧੀਆਂ ਕਰਦੇ ਹੋ ਜਿਨ੍ਹਾਂ ਲਈ ਤੁਸੀਂ ਸਹਿਮਤ ਹੋਏ ਹੋ, ਤਾਂ ਤੁਸੀਂ ਇੱਕ ਅਰਥਪੂਰਨ ਸ਼ਮੂਲੀਅਤ ਨੈਕਰੀ ਲੱਭਣ ਦੀ ਯੋਜਨਾ 'ਤੇ ਰਹਿ ਸਕਦੇ ਹੋ।

ਵਿਸਤ੍ਰਿਤ ਨੈਕਰੀ ਯੋਜਨਾ

ਇੱਕ **ਵਿਸਤ੍ਰਿਤ ਨੈਕਰੀ ਲੱਭਣ** ਦੀ ਯੋਜਨਾ ਉਹਨਾਂ ਲੋਕਾਂ ਲਈ ਹੈ ਜਿਨ੍ਹਾਂ ਨੂੰ ਇਨਕਲੂਸਿਵ ਇੰਪਲਾਇਮੈਂਟ ਆਸਟ੍ਰੇਲੀਆ ਵਿੱਚ ਹਿੱਸਾ ਲੈਣਾ ਚਾਹੀਦਾ ਹੈ ਪਰ ਉਹ ਆਪਣੇ ਪ੍ਰਦਾਤਾ ਦੇ ਸੰਪਰਕ ਵਿੱਚ ਨਹੀਂ ਰਹੇ ਹਨ ਅਤੇ ਉਹਨਾਂ ਕੋਲ ਉਹ ਸਭ ਨਾ ਕਰਨ ਦਾ ਕੋਈ ਕਾਰਨ ਵੀ ਨਹੀਂ ਹੈ ਜੋ ਉਹ ਕਰਨ ਲਈ ਸਹਿਮਤ ਹੋਏ ਸਨ।

ਇਸ ਕਿਸਮ ਦੀ ਯੋਜਨਾ ਵਿੱਚ ਉਹ ਗਤੀਵਿਧੀਆਂ ਸ਼ਾਮਲ ਹਨ ਜੋ ਤੁਸੀਂ ਆਪਣੇ ਪ੍ਰੋਗਰਾਮ ਦੇ ਹਿੱਸੇ ਵਜੋਂ ਕਰੋਗੇ।

ਤੁਸੀਂ ਅਤੇ ਤੁਹਾਡਾ ਪ੍ਰਦਾਤਾ ਤੁਹਾਡੀਆਂ ਖੂਬੀਆਂ, ਕੰਮ ਦੇ ਟੀਚਿਆਂ ਅਤੇ ਸਹਾਇਤਾ ਦੀਆਂ ਜ਼ਰੂਰਤਾਂ ਦੇ ਆਧਾਰ 'ਤੇ ਇਕੱਠੇ ਫੈਸਲਾ ਕਰੋਗੇ ਕਿ ਤੁਹਾਡੀ ਨੈਕਰੀ ਲੱਭਣ ਦੀ ਯੋਜਨਾ ਵਿੱਚ ਕਿਹੜੀਆਂ ਗਤੀਵਿਧੀਆਂ ਅਤੇ ਸਹਾਇਤਾਵਾਂ ਸ਼ਾਮਲ ਹੋਣੀਆਂ ਚਾਹੀਦੀਆਂ ਹਨ।

ਤੁਹਾਡੀ ਨੈਕਰੀ ਲੱਭਣ ਦੀ ਯੋਜਨਾ ਵਿੱਚ ਕੰਮਾਂ ਅਤੇ ਗਤੀਵਿਧੀਆਂ ਦੀਆਂ ਕੁਝ ਉਦਾਹਰਣਾਂ ਇਹ ਹੋ ਸਕਦੀਆਂ ਹਨ:

- ਤੁਹਾਡੀ ਨੈਕਰੀ ਦੀਆਂ ਸੰਭਾਵਨਾਵਾਂ ਨੂੰ ਬਿਹਤਰ ਬਣਾਉਣ ਲਈ ਸਿਖਲਾਈ, ਹੁਨਰ ਦਾ ਵਿਕਾਸ ਅਤੇ ਸਹਾਇਤਾ ਸੇਵਾਵਾਂ
- ਹੋਰ ਸਹਾਇਤਾ ਜਿਵੇਂ ਕਿ ਸਲਾਹ, ਫਿਜ਼ੀਓਥੈਰੇਪੀ, ਜਾਂ ਦਰਦ ਦਾ ਪ੍ਰਬੰਧਨ
- ਕੰਮ ਦੇ ਤਜਰਬੇ ਅਤੇ ਸਵੈ-ਇੱਛਤ ਕੰਮ ਦੀਆਂ ਪਲੇਸਮੈਂਟਾਂ
- ਰੁਜ਼ਗਾਰ ਦਾਤਿਆਂ ਨਾਲ ਸੰਪਰਕ ਕਰਨਾ ਅਤੇ ਨੈਕਰੀ ਦੇ ਇੰਟਰਵਿਊਆਂ ਵਿੱਚ ਸ਼ਾਮਲ ਹੋਣਾ
- ਤਨਖਾਹ ਵਾਲਾ ਕੰਮ ਜਾਂ ਸਵੈ-ਰੁਜ਼ਗਾਰ।

ਜੇਕਰ ਲੋੜ ਹੋਵੇ ਤਾਂ ਤੁਹਾਡਾ ਪ੍ਰਦਾਤਾ ਤੁਹਾਡੇ ਨਾਲ ਤੁਹਾਡੀ ਨੈਕਰੀ ਯੋਜਨਾ ਨੂੰ ਅੱਪਡੇਟ ਕਰੇਗਾ।

ਆਪਣੀ ਨੈਕਰੀ ਲੱਭਣ ਦੀ ਯੋਜਨਾ ਨਾਲ ਸਹਿਮਤ ਹੋਣ ਦਾ ਕੀ ਅਰਥ ਹੈ

ਜਦੋਂ ਤੁਸੀਂ ਕਿਸੇ ਨੈਕਰੀ ਲੱਭਣ ਦੀ ਯੋਜਨਾ ਨਾਲ ਸਹਿਮਤ ਹੁੰਦੇ ਹੋ, ਤਾਂ ਤੁਸੀਂ ਆਪਣੇ ਪ੍ਰਦਾਤਾ ਨਾਲ ਸੰਪਰਕ ਵਿੱਚ ਰਹਿਣ ਅਤੇ ਨੈਕਰੀ ਯੋਜਨਾ ਵਿੱਚ ਗਤੀਵਿਧੀਆਂ ਨੂੰ ਸਮੇਂ ਸਿਰ ਪੂਰੀਆਂ ਕਰਨ ਲਈ ਸਹਿਮਤੀ ਦਿੰਦੇ ਹੋ।

ਤੁਹਾਡੇ ਅਤੇ ਤੁਹਾਡੇ ਪ੍ਰਦਾਤਾ ਦੁਆਰਾ ਤੁਹਾਡੀ ਨੈਕਰੀ ਲੱਭਣ ਦੀ ਯੋਜਨਾ ਲਿਖਣ ਤੋਂ ਬਾਅਦ ਪਹਿਲਾ ਕਦਮ ਇਸਦੀ ਸਮੀਖਿਆ ਕਰਨਾ ਹੈ। ਤੁਸੀਂ ਆਪਣੇ ਵਰਕਫੋਰਸ ਆਸਟ੍ਰੇਲੀਆ ਅਕਾਊਂਟ ਵਿੱਚ ਲੌਗਇਨ ਕਰਕੇ ਆਪਣੀ ਨੈਕਰੀ ਲੱਭਣ ਦੀ ਯੋਜਨਾ ਨੂੰ ਪੜ੍ਹ ਜਾਂ ਡਾਊਨਲੋਡ ਕਰ ਸਕਦੇ ਹੋ।

ਤੁਹਾਨੂੰ ਉਸੇ ਦਿਨ ਨੌਕਰੀ ਦੀ ਯੋਜਨਾ ਲਈ ਸਹਿਮਤੀ ਦੇਣਾ ਜ਼ਰੂਰੀ ਨਹੀਂ ਹੈ। ਤੁਹਾਡੇ ਕੋਲ ਆਪਣੀ ਨੌਕਰੀ ਦੀ ਯੋਜਨਾ ਨੂੰ ਪੜ੍ਹਨ ਅਤੇ ਇਹ ਜਾਂਚਣ ਲਈ 2 ਕਾਰੋਬਾਰੀ ਦਿਨ ਹਨ ਕਿ ਕੀ ਤੁਸੀਂ ਹਰ ਚੀਜ਼ ਨਾਲ ਸਹਿਮਤ ਹੋ। ਤੁਸੀਂ ਆਪਣੀ ਨੌਕਰੀ ਦੀ ਯੋਜਨਾ ਬਾਰੇ ਕਿਸੇ ਭਰੋਸੇਮੰਦ ਵਿਅਕਤੀ ਨਾਲ ਗੱਲ ਕਰ ਸਕਦੇ ਹੋ, ਜਿਵੇਂ ਕਿ ਅਪੰਗਤਾ ਸਮਰਥੱਕ, ਦੇਖਭਾਲ ਕਰਨ ਵਾਲਾ ਜਾਂ ਪਰਿਵਾਰਕ ਮੈਂਬਰ।

ਜੇਕਰ ਤੁਹਾਨੂੰ ਆਪਣੀ ਨੌਕਰੀ ਦੀ ਯੋਜਨਾ ਬਾਰੇ ਸੋਚਣ ਲਈ ਹੋਰ ਸਮਾਂ ਚਾਹੀਦਾ ਹੈ, ਤਾਂ ਤੁਸੀਂ ਆਪਣੇ ਪ੍ਰਦਾਤਾ ਨੂੰ ਪੁੱਛ ਸਕਦੇ ਹੋ।

ਤੁਸੀਂ ਆਪਣੇ ਇਲਾਕੇ ਵਿੱਚ ਡਿਸਏਬਿਲਿਟੀ ਐਡਵੋਕੇਸੀ ਫਾਈਂਡਰ (www.askizzy.org.au/disability-advocacy-finder) 'ਤੇ ਜਾ ਕੇ ਇੱਕ ਡਿਸਏਬਿਲਿਟੀ ਐਡਵੋਕੇਸੀ (ਅਪੰਗਤਾ ਸਮਰਥੱਕ) ਪ੍ਰਦਾਤਾ ਲੱਭ ਸਕਦੇ ਹੋ।

ਆਪਣੀ ਨੌਕਰੀ ਦੀ ਯੋਜਨਾ ਦੀ ਸਮੀਖਿਆ ਕਰਨ ਤੋਂ ਬਾਅਦ, ਤੁਸੀਂ ਇਹਨਾਂ ਵਿੱਚੋਂ ਕਿਸੇ ਇੱਕ ਤਰੀਕੇ ਨਾਲ ਸਹਿਮਤੀ ਦੇ ਸਕਦੇ ਹੋ:

- ਆਪਣੇ ਪ੍ਰਦਾਤਾ ਨੂੰ ਇਹ ਦੱਸ ਕੇ ਕਿ ਤੁਸੀਂ ਵਿਅਕਤੀਗਤ ਤੌਰ 'ਤੇ ਜਾਂ ਫ਼ੋਨ 'ਤੇ ਸਹਿਮਤ ਹੋ, ਜਾਂ
- ਵਰਕਫੋਰਸ ਆਸਟ੍ਰੇਲੀਆ ਦੀ ਵੈੱਬਸਾਈਟ ਜਾਂ ਐਪ ਵਿੱਚ ਲੌਗਇਨ ਕਰਕੇ।

ਜੇ ਮੈਂ ਆਪਣੀ ਨੌਕਰੀ ਲੱਭਣ ਦੀ ਯੋਜਨਾ ਨਾਲ ਸਹਿਮਤ ਨਹੀਂ ਹਾਂ ਤਾਂ ਕੀ ਹੋਵੇਗਾ?

ਜੇਕਰ ਤੁਹਾਡਾ ਕੋਈ ਸਵਾਲ ਹੈ ਜਾਂ ਤੁਸੀਂ ਆਪਣੀ ਨੌਕਰੀ ਯੋਜਨਾ, ਜਾਂ ਆਪਣੀ ਨੌਕਰੀ ਯੋਜਨਾ ਦਾ ਸਮਰਥਨ ਕਰਨ ਵਾਲੀਆਂ ਕਾਰਵਾਈਆਂ ਨੂੰ ਬਦਲਣਾ ਚਾਹੁੰਦੇ ਹੋ ਤਾਂ ਪਹਿਲਾ ਕਦਮ ਹੈ ਆਪਣੇ ਪ੍ਰਦਾਤਾ ਨਾਲ ਗੱਲ ਕਰਨਾ ।

ਜੇਕਰ ਤੁਸੀਂ ਆਪਣੇ ਪ੍ਰਦਾਤਾ ਨਾਲ ਆਪਣੀ ਨੌਕਰੀ ਦੀ ਯੋਜਨਾ ਵਿੱਚ ਲੋੜੀਂਦੀਆਂ ਤਬਦੀਲੀਆਂ ਬਾਰੇ ਸਹਿਮਤ ਨਹੀਂ ਹੋ, ਤਾਂ ਰਾਸ਼ਟਰੀ ਗਾਹਕ ਸੇਵਾ ਲਾਈਨ ਨੂੰ **1800 805 260** 'ਤੇ ਫ਼ੋਨ ਕਰੋ। ਇਹ ਇੱਕ ਮੁਫ਼ਤ ਸੇਵਾ ਹੈ ਜੋ ਤੁਹਾਡੇ ਨੌਕਰੀ ਦੀ ਯੋਜਨਾ ਜਾਂ ਤੁਹਾਡੇ ਪ੍ਰਦਾਤਾ ਬਾਰੇ ਤੁਹਾਡੇ ਕਿਸੇ ਵੀ ਸਵਾਲ ਦਾ ਜਵਾਬ ਦੇਣ ਵਿੱਚ ਮਦਦ ਕਰ ਸਕਦੀ ਹੈ।

ਜੇਕਰ ਮੈਂ ਉਹ ਕੰਮ ਨਹੀਂ ਕਰ ਸਕਦਾ ਜੋ ਮੈਂ ਕਰਨ ਲਈ ਸਹਿਮਤ ਹੋਇਆ ਸੀ ਤਾਂ ਕੀ ਹੋਵੇਗਾ?

ਜੇਕਰ ਤੁਸੀਂ ਉਹ ਨਹੀਂ ਕਰ ਸਕਦੇ ਜਿਸ ਲਈ ਤੁਸੀਂ ਸਹਿਮਤ ਹੋਏ ਸੀ, ਤਾਂ ਜਿੰਨੀ ਜਲਦੀ ਹੋ ਸਕੇ ਆਪਣੇ ਪ੍ਰਦਾਤਾ ਨੂੰ ਦੱਸੋ। ਉਹ ਪੁੱਛ ਸਕਦੇ ਹਨ ਕਿ ਤੁਸੀਂ ਇਹ ਕਿਉਂ ਨਹੀਂ ਕਰ ਸਕਦੇ ਤਾਂ ਜੋ ਉਹ ਤੁਹਾਡੀ ਸਥਿਤੀ ਨੂੰ ਸਮਝ ਸਕਣ ਅਤੇ ਲੋੜ ਪੈਣ 'ਤੇ ਤੁਹਾਡੀ ਨੌਕਰੀ ਲੱਭਣ ਦੀ ਯੋਜਨਾ ਨੂੰ ਬਦਲ ਸਕਣ।

ਹੋਰ ਜਾਣਕਾਰੀ

ਤੁਸੀਂ ਇਨਕਲੂਸਿਵ ਐਂਪਲਾਇਮੈਂਟ ਆਸਟ੍ਰੇਲੀਆ ਦੀ ਵੈੱਬਸਾਈਟ (www.dss.gov.au/inclusive-employment-australia) 'ਤੇ ਹੋਰ ਜਾਣਕਾਰੀ ਅਤੇ ਸਰੋਤ ਲੱਭ ਸਕਦੇ ਹੋ ਜਾਂ ਤੁਸੀਂ ਰਾਸ਼ਟਰੀ ਗਾਹਕ ਸੇਵਾ ਲਾਈਨ ਨੂੰ **1800 805 260** 'ਤੇ ਫ਼ੋਨ ਕਰ ਸਕਦੇ ਹੋ।

- ਬੋਲੋ ਅਤੇ ਸੁਣੋ (ਸਪੀਕ ਐਂਡ ਲਿਸਨ)ਸੇਵਾ ਵਰਤਣ ਵਾਲੇ 1300 555 727 'ਤੇ ਫ਼ੋਨ ਕਰੋ ਅਤੇ ਫਿਰ 1300 653 227 ਲਈ ਪੁੱਛੋ।
- ਜੇਕਰ ਤੁਸੀਂ ਬਹਿਰੇਹੋ/ਬਹਿਰੇ ਭਾਈਚਾਰੇ ਵਿਚ ਸਰਗਰਮ ਹੋ, ਉੱਚਾ ਸੁਣਦੇ ਹੋ ਜਾਂ ਬੋਲਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹੋ, ਤਾਂ ਰਾਸ਼ਟਰੀ ਗਾਹਕ ਸੇਵਾ ਲਾਈਨ ਨਾਲ ਸੰਪਰਕ ਕਰਨ ਲਈ ਰਾਸ਼ਟਰੀ ਰੀਲੇਅ ਸੇਵਾ ਦੀ ਵਰਤੋਂ ਕਰੋ। ਵਧੇਰੇ ਜਾਣਕਾਰੀ ਲਈ, www.accesshub.gov.au 'ਤੇ ਜਾਓ।
- ਜੇਕਰ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤਾਂ TIS ਨੈਸ਼ਨਲ ਨੂੰ **131 450*** 'ਤੇ ਫ਼ੋਨ ਕਰੋ ਅਤੇ **1800 805 260** ਦੇ ਲਈ ਪੁੱਛੋ।

* ਮੋਬਾਈਲ ਫੋਨਾਂ ਤੋਂ '13' ਅਤੇ '1800' ਨੰਬਰਾਂ 'ਤੇ ਫ਼ੋਨ ਲਈ ਕਾਲ ਚਾਰਜ ਲਗ ਸਕਦੇ ਹਨ।

ਲੈਂਡਲਾਈਨ ਅਤੇ ਮੋਬਾਈਲ ਪ੍ਰਦਾਤਿਆਂ ਤੋਂ ਕਾਲ ਦਰਾਂ ਵੱਖ-ਵੱਖ ਹੋ ਸਕਦੀਆਂ ਹਨ। ਆਪਣੇ ਮੌਜੂਦਾ ਸੇਵਾ ਪ੍ਰਦਾਤਾ ਨਾਲ ਸੰਪਰਕ ਕਰੋ ਤੇ ਇਸ ਬਾਰੇ ਜਾਣੋ।